# ਗੇਮਾਂ ਕਿਵੇਂ ਕੰਮ ਕਰਦੀਆਂ ਹਨ
# ਸਲੌਟ ਮਸ਼ੀਨਾਂ

**ਜੂਏ ਬਾਰੇ ਆਪਣੀ ਸੂਝ ਵਰਤੋ: ਖੇਡਣ ਤੋਂ ਪਹਿਲਾਂ ਇਹ ਜਾਣੋ ਕਿ ਗੇਮਾਂ ਕਿਵੇਂ ਕੰਮ ਕਰਦੀਆਂ ਹਨ।**

ਸਲੌਟ ਮਸ਼ੀਨਾਂ ਅਟਕਲ ਪੱਚੂ ਨਾਲ ਕੰਮ ਕਰਦੀਆਂ ਹਨ। ਅਜਿਹਾ ਹਰ ਮਸ਼ੀਨ ਦੇ ਅੰਦਰ ਇਕ ਰੈਂਡਮ ਨੰਬਰ ਜਨਰੇਟਰ (ਆਰ ਐੱਨ ਜੀ) ਕਾਰਨ ਹੁੰਦਾ ਹੈ, ਜਿਹੜਾ ਲਗਾਤਾਰ ਮਿਲੀਅਨਾਂ ਨੰਬਰਾਂ ਵਿਚ ਦੀ ਲੰਘਦਾ ਹੈ। ਘੁਮੇਟੇ (ਸਪਿਨ) ਦੇ ਨਤੀਜੇ ਬਾਰੇ ਫੈਸਲਾ ਉਸ ਸਮੇਂ ਆਰ ਐੱਨ ਜੀ ਵਲੋਂ ਆਪਣੇ ਆਪ ਕੀਤਾ ਜਾਂਦਾ ਹੈ ਜਦੋਂ ਤੁਸੀਂ ਸਪਿਨ ਬਟਨ ਦਬਾਉਂਦੇ ਹੋ, ਜਿਸ ਨਾਲ ਇਹ ਭਵਿੱਖਬਾਣੀ ਕਰਨਾ ਅਸੰਭਵ ਹੁੰਦਾ ਹੈ ਕਿ ਕੀ ਤੁਸੀਂ ਜਿੱਤੋਗੇ ਜਾਂ ਹਾਰੋਗੇ।

ਕੁਝ ਮਸ਼ੀਨਾਂ ਤੁਹਾਨੂੰ ਘੁੰਮ ਰਹੀਆਂ ਰੀਲਾਂ ਨੂੰ ਪਹਿਲਾਂ ਹੀ ਰੋਕਣ ਦੀ ਆਗਿਆ ਦਿੰਦੀਆਂ ਹਨ। ਇਸ ਨਾਲ ਘੁਮੇਟੇ ਦੇ ਨਤੀਜੇ ’ਤੇ ਕੋਈ ਅਸਰ ਨਹੀਂ ਪੈਂਦਾ – ਤੁਸੀਂ ਇਹ ਕੰਟਰੋਲ ਕਰਨ ਲਈ ਕੁਝ ਨਹੀਂ ਕਰ ਸਕਦੇ ਕਿ ਰੀਲ ਕਿੱਥੇ ਰੁਕਦੀ ਹੈ।

ਹਰ ਸਲੌਟ ਮਸ਼ੀਨ ਵਿਚ ਨਿਸ਼ਾਨਾਂ ਦੇ ਵੱਖਰੇ ਸੈੱਟ ਹਨ (ਜਿਵੇਂ ਬਾਰ, ਚੈਰੀਆਂ, ਜਾਂ ਨੰਬਰ “7”)। ਕੁਝ ਨਿਸ਼ਾਨ “ਫਿਜ਼ੀਕਲ ਰੀਲ” (ਜਿਹੜੀ ਰੀਲ ਤੁਹਾਨੂੰ ਦਿਖਾਈ ਦਿੰਦੀ ਹੈ) ਉੱਪਰ ਸਿਰਫ ਇਕ ਵਾਰ ਹੀ ਦਿਖਾਈ ਦੇ ਸਕਦੇ ਹਨ, ਜਦ ਕਿ ਹੋਰ ਫਿਜ਼ੀਕਲ ਰੀਲ ਵਿਚ ਇਕ ਨਾਲੋਂ ਜ਼ਿਆਦਾ ਵਾਰੀ ਦਿਖਾਈ ਦੇ ਸਕਦੇ ਹਨ।

ਪਰ ਇਹ ਫੈਸਲਾ “ਵਰਚੂਅਲ ਰੀਲ” (ਮਸ਼ੀਨ ਵਿਚ ਘੁੰਮ ਰਹੀ) ਰੀਲ ਕਰਦੀ ਹੈ ਕਿ ਕੀ ਤੁਸੀਂ ਜਿੱਤੇ ਹੋ ਜਾਂ ਨਹੀਂ। ਇਸ ਕਰਕੇ, ਉਦਾਹਰਣ ਲਈ, ਜੇ ਫਿਜ਼ੀਕਲ ਰੀਲ ਦੇ ਘੁੰਮਣ ਵੇਲੇ ਤੁਹਾਨੂੰ ਇਕੋ ਜਿੰਨੇ ਨੰਬਰਾਂ ਵਿਚ ਹੀ ਚੈਰੀਆਂ ਅਤੇ ਬਾਰਜ਼ ਦਿਖਾਈ ਦਿੰਦੀਆਂ ਹਨ ਤਾਂ ਵਰਚੂਅਲ ਰੀਲ ਵਿਚ ਅਸਲ ਵਿਚ ਚੈਰੀਆਂ ਬਾਰਜ਼ ਨਾਲੋਂ ਦੁੱਗਣੀਆਂ ਤੱਕ ਹੋ ਸਕਦੀਆਂ ਹਨ।

ਕੁਝ ਸਲੌਟ ਮਸ਼ੀਨਾਂ ਲਈ, ਬੋਨਸ ਗੇਮਾਂ ਦੀ ਪੇਸ਼ਕਸ਼ ਹੋ ਸਕਦੀ ਹੈ ਜਿੱਥੇ ਪਲੇਅਰਾਂ (ਜੂਆ ਖੇਡਣ ਵਾਲਿਆਂ) ਕੋਲ ਵੀਡੀਓ ਗੇਮ ’ਤੇ ਖੇਡ ਕੇ ਇਨਾਮ ਦੀ ਬੋਨਸ ਰਕਮ ’ਤੇ ਅਸਰ ਪਾਉਣ ਦਾ ਮੌਕਾ ਹੁੰਦਾ ਹੈ। ਭਾਵੇਂ ਕਿ ਹੁਨਰ ਬੋਨਸ ਇਨਾਮ ਦੀ ਨਤੀਜੇ ਵਿਚ ਇਕ ਪੱਖ ਹੋ ਸਕਦਾ ਹੈ, ਚਾਂਸ ਅਜੇ ਵੀ ਇਕ ਵੱਡੀ ਭੂਮਿਕਾ ਨਿਭਾਉਂਦਾ ਹੈ। ਕਿਸੇ ਪਲੇਅਰ ਦੇ ਹੁਨਰ ਦਾ ਪੱਧਰ ਕੋਈ ਵੀ ਹੋਵੇ, ਹਰ ਮਸ਼ੀਨ ਅੰਦਰਲਾ ਆਰ ਐੱਨ ਜੀ, ਸਮੁੱਚੇ ਭੁਗਤਾਨ ਦਾ ਫੈਸਲਾ ਕਰਦਾ ਹੈ, ਸਮੇਤ ਇਸ ਚੀਜ਼ ਦੇ ਕਿ ਕੀ ਪਲੇਅਰ ਨੇ ਬੋਨਸ ਗੇਮ ਖੇਡਣ ਦਾ ਮੌਕਾ ਜਿੱਤਿਆ ਹੈ ਅਤੇ ਬੋਨਸ ਗੇਮ ਦੌਰਾਨ ਜਿੱਤਣ ਲਈ ਉਪਲਬਧ ਵੱਧ ਤੋਂ ਵੱਧ ਰਕਮ ਕਿੰਨੀ ਹੈ।

ਬੀ.ਸੀ. ਦੇ ਸਾਰੇ ਕਾਸੀਨੋਜ਼ ਅਤੇ ਕਮਿਊਨਟੀ ਗੇਮਿੰਗ ਸੈਂਟਰਾਂ ਵਿਚ ਭਾਨ-ਰਹਿਤ ਸਲੌਟ ਮਸ਼ੀਨਾਂ ਹਨ। ਨੋਟ ਲੈਣ ਵਾਲੀਆਂ ਮਸ਼ੀਨਾਂ ਕੈਨੇਡੀਅਨ ਕਰੰਸੀ ਵਿਚ 5 ਡਾਲਰ, 10 ਡਾਲਰ, 20 ਡਾਲਰ, 50 ਡਾਲਰ ਜਾਂ 100 ਡਾਲਰ ਦੇ ਨੋਟ (ਬਿੱਲ) ਲੈਂਦੀਆਂ ਹਨ। ਮਸ਼ੀਨਾਂ ’ਤੇ ਖੇਡਣ ਲਈ, ਭਾਨ-ਰਹਿਤ ਮਸ਼ੀਨ ਦੇ ਬਿੱਲ ਐਕਸੈੱਪਟਰ ਵਿਚ ਨੋਟ ਪਾਉ।

ਤੁਸੀਂ ਇਹ ਚੋਣ ਕਰ ਸਕਦੇ ਹੋ ਕਿ ਤੁਸੀਂ ਕਿੰਨੀਆਂ ਲਾਈਨਾਂ ਅਤੇ ਪ੍ਰਤੀ ਲਾਈਨ ਕਿੰਨੇ ਕਰੈਡਿਟ ਦੀ ਬਾਜ਼ੀ ਲਾਉਣਾ ਚਾਹੁੰਦੇ ਹੋ। ਕੁਝ ਸਲੌਟ ਮਸ਼ੀਨਾਂ ’ਤੇ ਇਕ ਕਰੈਡਿਟ ਵੈਲਯੂ ਹੈ ਅਤੇ ਹੋਰਨਾਂ ’ਤੇ ਵੱਖ ਕਰੈਡਿਟ ਵੈਲਯੂਜ਼ ਦੀ ਚੋਣ ਹੈ। **ਬੈੱਟ ਵੰਨ** ਬਟਨ ਦਬਾ ਕੇ ਤੁਸੀਂ ਇਕ ਕਰੈਡਿਟ ਦੀ ਬਾਜ਼ੀ ਲਗਾਉਗੇ। **ਮੈਕਸ ਬੈੱਟ** ਦਬਾ ਕੇ ਤੁਸੀਂ ਉਸ ਮਸ਼ੀਨ ਉੱਪਰ ਹਰ ਗੇਮ ਲਈ ਵੱਧ ਤੋਂ ਵੱਧ ਪ੍ਰਵਾਨਤ ਕਰੈਡਿਟ ਦੀ ਬਾਜ਼ੀ ਲਗਾਉਗੇ।

ਸਲੌਟ ਦੇ ਪਾਸੇ ਦੀ ਆਰਮ (ਬਾਂਹ) ਨੂੰ ਹੇਠਾਂ ਖਿੱਚੋ ਅਤੇ ਛੱਡੋ ਜਾਂ **ਸਪਿਨ** ਬਟਨ ਦਬਾਉ। ਸਾਰੀਆਂ ਸਲੌਟ ਮਸ਼ੀਨਾਂ ਜਿੱਤੇ ਗਏ ਕਰੈਡਿਟਾਂ ਦੀ ਗਿਣਤੀ ਦਿਖਾਉਂਦੀਆਂ ਹਨ ਜੋ ਕਿ ਰੀਲ ਸਪਿਨ ਦੇ ਨਤੀਜਿਆਂ ’ਤੇ ਆਧਾਰਿਤ ਹੁੰਦੀ ਹੈ।

ਜਦੋਂ ਤੁਸੀਂ ਪੈਸੇ ਕਢਾਉਣ ਲਈ ਤਿਆਰ ਹੋਵੋ ਤਾਂ **ਕੈਸ਼ ਆਊਟ** ਬਟਨ ਦਬਾਉ ਅਤੇ ਤੁਹਾਨੂੰ ਇਕ ਟਿਕਟ ਮਿਲੇਗੀ ਜਿਹੜੀ ਕਿ ਕੈਸ਼ੀਅਰ, **ਟਿਕਟ ਐਕਸਪ੍ਰੈੱਸ** ਰਿਡੈਮਪਸ਼ਨ ਮਸ਼ੀਨ ਤੋਂ ਤੁੜਵਾਈ ਜਾ ਸਕਦੀ ਹੈ, ਜਾਂ ਕਿਸੇ ਹੋਰ ਸਲੌਟ ਮਸ਼ੀਨ ਵਿਚ ਪਾਈ ਜਾ ਸਕਦੀ ਹੈ। ਟਿਕਟਾਂ ਕਾਸੀਨੋ ਜਾਂ ਜਾਰੀ ਕਰਨ ਵਾਲੇ ਕਮਿਊਨਟੀ ਗੇਮਿੰਗ ਸੈਂਟਰ ਵਿਚ 30 ਦਿਨਾਂ ਲਈ ਯੋਗ ਹੁੰਦੀਆਂ ਹਨ।

**ਸੂਝ ਨਾਲ ਜੂਆ ਖੇਡਣਾ**

**“ਜਿੱਤਦੇ ਜਿੱਤਦੇ ਰਹਿ ਗਏ” ਵਰਗੀ ਕੋਈ ਚੀਜ਼ ਨਹੀਂ ਹੈ – ਤੁਹਾਡੇ ਕੋਲ ਜਾਂ ਤਾਂ ਜਿੱਤਣ ਵਾਲਾ ਗੇੜਾ ਹੈ ਜਾਂ ਨਹੀਂ ਹੈ। ਤੁਹਾਡੇ ਪਿਛਲੇ ਘੁਮੇਟੇ ਦਾ ਤੁਹਾਡੇ ਅਗਲੇ ਘੁਮੇਟੇ ਦੇ ਨਤੀਜੇ ਉੱਪਰ ਬਿਲਕੁਲ ਕੋਈ ਅਸਰ ਨਹੀਂ ਹੈ। ਇਹ ਯਾਦ ਰੱਖਣਾ ਮਦਦ ਕਰਨ ਵਾਲਾ ਹੋ ਸਕਦਾ ਹੈ ਕਿ ਜ਼ਿਆਦਾ ਸਮੇਂ ਵਿਚ ਜਿੱਤਣ ਨਾਲੋਂ ਤੁਹਾਡੀ ਹਾਰਨ ਦੀ ਸੰਭਾਵਨਾ ਹੈ। ਬੱਜਟ ਜਾਂ ਸਮੇਂ ਦੀ ਹੱਦ ਤਹਿ ਕਰਨਾ, ਸੂਝ ਨਾਲ ਜੂਆ ਖੇਡਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।**

**ਗੇਮਸੈਂਸ ਇੰਫੋ ਸੈਂਟਰ ਜਾਂ GameSense.ca ’ਤੇ ਜ਼ਿਆਦਾ ਜਾਣੋ।**

@BCLCGameSense